ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫ: ਸੰਯੁਕਤ ਸਕੱਤਰ/ਪਰਸੋਨਲ, ਪਟਿਆਲਾ)

ਵੱਲ

1 ਸਾਰੇ ਜਨਰਲ ਮੈਨੇਜਰ/ਇੰਜ-ਇੰਨ-ਚੀਫ/ਮੁੱਖ ਇੰਜੀਨੀਅਰ,
ਪੀ ਐਸ ਪੀ ਸੀ ਐਲ ।

2 ਮੁੱਖ ਕੰਟਰੋਲਰ/ਵਿੱਤ,ਵਿਤ ਸਲਾਹਕਾਰ/ ਸੀ ਏ ਓ/ਸੀ ਏ ਓ/ਰੈਵੀਨਿਊ/
ਸੀ ਏ/ਆਰ ਏ ਓ,ਪੀ ਐਸ ਪੀ ਸੀ ਐਲ, ਪਟਿਆਲਾ।

3 ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ,
ਪੀ ਐਸ ਪੀ ਸੀ ਐਲ ।

4 ਸਾਰੇ ਵਧੀਕ ਨਿਗਰਾਨ ਇੰਜੀਨੀਅਰ/ ਸੀਨੀਅਰ ਕਾਰਜਕਾਰੀ ਇੰਜੀਨੀਅਰ/ ਪੀ ਐਸ ਪੀ ਸੀ ਐਲ ।

ਮੀਮੋ ਨੰ: 13499/14149 /4ਪੀ 111

ਮਿਤੀ: 16-1-13

ਵਿਸ਼ਾ:- ਨਵੇਂ ਹੋਂਦ ਵਿੱਚ ਆਏ ਡਾਇਰੈਕਟਰ, ਪ੍ਰਸ਼ਾਸਨਿਕ ਸੁਧਾਰ ਵਿਭਾਗ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਟਰਾਸਫਰ/ਡੈਪੂਟੇਸ਼ਨ ਰਾਹੀਂ ਭਰਨ ਬਾਰੇ।

ਉਪਰੋਕਤ ਵਿਸ਼ੇ ਅਨੁਸਾਰ ਸੁਪਰਡੰਟ, ਪ੍ਰਸ਼ਾਸਨਿਕ ਸੁਧਾਰ ਵਿਭਾਗ,(ਪ੍ਰਸ਼ਾਸਨਿਕ ਸੁਧਾਰ-1 ਸਾਖਾ) ਪੰਜਾਬ ਸਰਕਾਰ ਤੋਂ ਪ੍ਰਾਪਤ ਪੱਤਰ ਨੰ: 2/42/2012-5ਪ੍ਰਸੁ-1/8989/1, ਮਿਤੀ: 26.12.2012 (ਪੱਤਰ ਨੱਥੀ ਹੈ) ਦੀ ਕਾਪੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਚਾਹਵਾਨ ਅਧਿਕਾਰੀ/ਕਰਮਚਾਰੀ ਉਕਤ ਅਸਾਮੀਆਂ ਲਈ ਆਪਣੇ ਬਿਨੈ ਪੱਤਰ ਇਸ ਦਫਤਰ ਵਿੱਚ ਜਲਦ ਤੋਂ ਜਲਦ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

ਸੂਚਨਾਂ ਨਿੱਲ ਹੋਣ ਦੀ ਸੂਰਤ ਵਿੱਚ ਭੇਜਣ ਦੀ ਜਰੂਰਤ ਨਹੀਂ ਹੈ ਜੀ।

ਸੰਯੁਕਤ ਸਕੱਤਰ/ਪਰਸੋਨਲ,
ਪੀ ਐਸ ਪੀ ਸੀ ਐਲ, ਪਟਿਆਲਾ

ਨੱਥੀ/ਉਪਰੋਕਤ ਅਨੁਸਾਰ

ਪੰਜਾਬ ਸਰਕਾਰ

ਪ੍ਰਸ਼ਾਸਨਿਕ ਸੁਧਾਰ ਵਿਭਾਗ

(ਪ੍ਰਸ਼ਾਸਨਿਕ ਸੁਧਾਰ-1 ਸ਼ਾਖਾ)

Diary No. 93 ........ EIC/HRD
Date 7/1/13

ਸੇਵਾ ਵਿਖੇ

ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਬੋਰਡਾਂ/ ਕਾਰਪੋਰੇਸ਼ਨਾਂ ਦੇ ਮੁੱਖੀ ਅਤੇ
ਪਬਲਿਕ ਸੈਕਟਰ ਅੰਡਰਟੇਕਿੰਗ ਅਦਾਰਿਆਂ ਦੇ ਮੁੱਖੀ

28
8.1.13

ਮੀਮੋ ਨੰ: 2/42/2012-5ਪ੍ਰਸ-1/ 8989/1
ਮਿਤੀ: 26/12/2012

ਵਿਸ਼ਾ:- ਨਵੇਂ ਹੋਂਦ ਵਿਚ ਆਏ ਡਾਇਰੈਕਟਰ, ਪ੍ਰਸ਼ਾਸਨਿਕ ਸੁਧਾਰ ਵਿਭਾਗ ਵਿਚ ਖਾਲੀ ਪਈਆਂ ਆਸਾਮੀਆਂ ਨੂੰ ਟਰਾਂਸਫਰ/ਡੈਪੂਟੇਸ਼ਨ ਰਾਹੀਂ ਭਰਨ ਬਾਰੇ।

**********

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਮੀਮੋਂ ਨੰ: 2/42/2012-5ਪ੍ਰਸ1/ 6003 ਮਿਤੀ 19-11-2012 ਦੇ ਹਵਾਲੇ ਵਿਚ।

2. ਮਿਤੀ 19-11-2012 ਰਾਹੀਂ ਹੇਠ ਦਰਸਾਈਆਂ ਅਸਾਮੀਆਂ ਨੂੰ ਡੈਪੂਟੇਸ਼ਨ/ਟਰਾਂਸਫਰ ਰਾਹੀਂ ਭਰਨ ਸਬੰਧੀ ਬੇਨਤੀ ਕੀਤੀ ਗਈ ਸੀ:-

| ਲੜੀ ਨੰ: | ਅਸਾਮੀ ਦਾ ਨਾਂ | ਪੇਅ ਸਕੇਲ | ਅਸਾਮੀਆਂ ਦੀ ਗਿਣਤੀ | ਗਰੁੱਪ |
|---|---|---|---|---|
| 1 | ਵਧੀਕ ਡਾਇਰੈਕਟਰ | 37400-67000 + ਗ੍ਰੇਡ ਪੇਅ 8700 | 1 | ਏ |
| 2. | ਸੀਨੀਅਰ ਸਿਸਟਮ ਮੈਨੇਜਰ | 37400-67000 + ਗ੍ਰੇਡ ਪੇਅ 8600 | 1 | ਏ |
| 3. | ਸਹਾਇਕ ਮੈਨੇਜਰ | 10300-34800 + ਗ੍ਰੇਡ ਪੇਅ 5000 | 2 | ਏ |
| 4. | ਡਿਪਟੀ ਡਾਇਰੈਕਟਰ | 15600-39100 + ਗ੍ਰੇਡ ਪੇਅ 6600 | 1 | ਏ |
| 5. | ਸੁਪਰਡੰਟ | 15600-39100 + ਗ੍ਰੇਡ ਪੇਅ 5400 | 1 | ਏ |
| 6. | ਤਕਨੀਕੀ ਸਹਾਇਕ | 10300-34800 + ਗ੍ਰੇਡ ਪੇਅ 4400 | 2 | ਬੀ |
| 7. | ਸੀਨੀਅਰ ਸਹਾਇਕ | 10300-34800 + ਗ੍ਰੇਡ ਪੇਅ 4400 | 3 | ਬੀ |
| 8. | ਕਲਰਕ-ਕਮ-ਡਾਟਾ ਐਂਟਰੀ ਉਪਰੇਟਰ | 10300-34800 + ਗ੍ਰੇਡ ਪੇਅ 3200 | 8 | ਸੀ |
| | | ਕੁੱਲ ਅਸਾਮੀਆਂ | 19 | |

ਉਪਰੋਕਤ ਲੜੀ ਨੰ: 3 ਤੋਂ 8 ਤੱਕ ਅਸਾਮੀਆਂ ਲਈ ਹੇਠ ਅਨੁਸਾਰ ਯੋਗਤਾਵਾਂ ( Skill Sets) ਰੱਖਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ।

"Working experience in Personal Computer, environment with word processor, power point presentation and spread sheet software application."

ਉਪਰੋਕਤ ਦਰਸਾਈਆਂ ਅਸਾਮੀਆਂ ਵਿਚੋਂ ਲੜੀ ਨੰ: 1 ਅਤੇ 2 ਤੇ ਦਰਸਾਈਆਂ ਅਸਾਮੀਆਂ ਵਾਸਤੇ ਹੇਠ ਲਿਖੀਆਂ ਯੋਗਤਾਵਾਂ ਲੋੜੀਂਦੀਆਂ ਹਨ:-

M.E/M.Tech/Ph.D (I.T.)

Or

B.E./B.Tech/MCA/MBA(I.T.)/M.Sc.(I.T.)/M.Sc.(CS)

ਆਪ ਜੀ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਅਸਾਮੀਆਂ ਲਈ ਨਿਰਧਾਰਤ ਯੋਗਤਾ ਰੱਖਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੇ ਨਾਮ ਅਤੇ ਉਹਨਾਂ ਦੇ ਵੇਰਵੇ ਅਤੇ ਉਹਨਾਂ ਦੇ ਕੰਮ ਕਾਰ ਸਬੰਧੀ ਪਿਛਲੇ ਪੰਜ ਸਾਲ ਦੀਆਂ ਗੁਪਤ ਰਿਪੋਰਟਾਂ ਇਸ ਪੱਤਰ ਦੇ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਅਤੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਪਰੋਕਤ ਆਸਾਮੀਆਂ ਨੂੰ ਟਰਾਂਸਫਰ/ਡੈਪੂਟੇਸ਼ਨ ਰਾਹੀਂ ਓਨੀ ਦੇਰ ਤੱਕ ਹੀ ਡਾਇਰੈਕਟਰ, ਪ੍ਰਸਾਸਨਿਕ ਸੁਧਾਰ ਵਿਭਾਗ ਵਿਖੇ ਰੱਖਿਆ ਜਾਵੇ ਜਿਨੀ ਦੇਰ ਤੱਕ ਡਾਇਰੈਕਟਰ, ਪ੍ਰਸਾਸਨਿਕ ਸੁਧਾਰ ਵਿਖੇ ਇਹਨਾਂ ਆਸਾਮੀਆਂ ਨੂੰ ਰੈਗੂਲਰ ਤੌਰ ਤੇ ਨਹੀਂ ਭਰਿਆ ਜਾਂਦਾ। ਅਜਿਹੇ ਕਿਸੇ ਅਧਿਕਾਰੀ/ਕਰਮਚਾਰੀ ਦਾ ਨਾਮ ਇਸ ਵਿਭਾਗ ਨੂੰ ਨਾ ਭੇਜਿਆ ਜਾਵੇ ਜਿਸ ਦੇ ਖਿਲਾਫ ਵਿਜੀਲੈਂਸ ਇਨਕੁਆਰੀ ਜਾਂ ਵਿਭਾਗੀ ਇਨਕੁਆਰੀ ਨਾ ਚਲਦੀ ਹੋਵੇ।

ਸੁਪਰਡੰਟ

ਇਸ ਦਾ ਇਕ ਉਤਾਰਾ ਸਮੂਹ ਵਿੱਤੀ ਕਮਿਸਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਸਮੂਹ ਵਿੱਤੀ ਕਮਿਸਨਰਜ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 2/42/2012-5ਪ੍ਰਸ-1/ 8989/2 ਮਿਤੀ: 26/12/2012